ਸਚੁ ਸੁਣਾਇਸੀ ਸਚ ਕੀ ਬੇਲਾ

ਐਤਵਾਰ, 22 ਦਸੰਬਰ, 2013

ਰੋਜ਼ਾਨਾ ਸਪੋਕਸਮੈਨ

ਸਪਤਾਹਿਕੀ

ਧੀ ਦੀ ਗਾਲ

ਮਾਂ ਨੇ ਅੱਖਾਂ ਵਿਚ ਹੰਝੂ ਭਰ ਕੇ ਆਖਿਆ, "ਵੇ ਪੁੱਤਰ! ਤੁਹਾਡਾ ਪਿਉ ਬਹਿਸ਼ਤੀ ਦਿਹ ਰਿਸ਼ਤਾ ਪੱਕਾ ਨਾ ਕਰ ਗਿਆ ਹੁੰਦਾ ਤਾਂ ਮੈਨੂੰ ਤੇਰਨ ਲਗਿਆਂ ਕੋਈ ਮਦਦ ਨਾ ਹੁੰਦਾ। ਤੁਸੀ ਤਾਂ ਚੰਗੀ ਤਰ੍ਹਾਂ ਜਾਣੂ ਹੋ ਕਿ ਅੱਜ ਤੀਕ ਨਾ ਕਿਸੇ ਨੇ ਉਸ ਮਰਨ ਵਾਲੇ ਦੀ ਮੰਤੜੀ ਸੀ ਅਤੇ ਨਾ ਹੀ ਉਹ ਕਰਮਾਂ ਵਾਲਾ ਗੱਲ ਕਰ ਕੇ ਕਦੀ ਪਿੱਛੇ ਹਟਿਆ ਸੀ। ਉਹ ਗੱਲ ਦਾ ਧਨੀ ਸੀ ਤੇ ਸਾਰੀ ਹਯਾਤੀ ਉਸ ਨੇ ਅਪਣੀ ਗੱਲ ਵਿਹਾਈ ਹੈ। ਉਹ ਗੱਲ ਨੂੰ ਨਰਾਵਲਾ, ਨਖ਼ਰੇਦਾ ਅਤੇ ਨਖ਼ੇਜ਼ਦਾ ਵੀ ਸੀ। ਇਸੇ ਲਈ ਵੱਡੇ-ਵੱਡੇ ਚੌਧਰੀ ਵੀ ਉਹਦੇ ਅੱਗੇ ਹੁੰਤ ਨਹੀਂ ਸਨ ਕਰਦੇ। ਅੱਜ ਉਹਦੇ ਮਰਨ ਪਿਛੋਂ ਉਹਦੀ ਗੱਲ ਦਾ ਆਦਰ ਮਾਣ ਛੱਡ ਕੇ ਪੰਹ ਰਲਾਉਣ ਲਗਿਆਂ ਮੋਰੇ ਸੀਨੇ ਤੇ ਵੱਟ ਪੈਂਦੇ ਨੇ। ਵੇ ਪੁੱਤਰ! ਮੈਂ ਕਿਹੜੇ ਮੂੰਹ ਨਾਲ ਤੁਹਾਡੇ ਪਿਉ ਚੌਧਰੀ ਕੁਰਬਾਨ ਅਲੀ ਦੇ ਪੋਲੇ ਕੀਤੇ ਹੋਏ ਰਿਸ਼ਤੇ ਨੂੰ ਤੋੜ ਕੇ ਉਹਦੀ ਬੰਕਦਾਰੀ ਕਰ ਦੇਵਾਂ? ਲੋਕੀਂ ਆਖਣਗੇ, ਕੁਰਬਾਨ ਅਲੀ ਦੇ ਮਰਦਿਆਂ ਹੀ ਉਹਦੀ ਚੌਧਰਾਹਟ ਵੀ ਦਫ਼ਨ ਕਰ ਦਿਤੀ ਨੇ।"

ਮਾਂ ਦੀਆਂ ਗੱਲਾਂ ਅਤੇ ਹੰਝੂ ਵੇਖ-ਸੁਣ ਕੇ ਤਿੰਨਾਂ ਪੁੱਤਰਾਂ ਨੇ ਨੀਵੀਂ ਪਾ ਲਈ ਅਤੇ ਉਨ੍ਹਾਂ ਦੀ ਮਤਜ਼ੀ, ਮਜਜ਼ੂਰੀ ਦੇ ਜਾਲ ਵਿਚ ਵੱਸ ਕੇ ਫ਼ਫ਼ੜਫ਼ਾਉਣ ਲੱਗ ਪਈ। ਉਹ ਅਪਣੇ ਪਿਉ ਦੇ ਢਾਅਦਿਆਂ ਅਤੇ ਅਸੂਲਾਂ ਨੂੰ ਅਪਣਾ ਧਰਮ ਜਾਣ ਕੇ ਪੂਜਦੇ ਸਨ। ਪਿਉ ਦੀ ਇੱਜ਼ਤ ਸਿਰਫ਼ ਪੁੱਤਰ ਹੀ ਨਹੀਂ, ਸਾਰਾ ਪਿੰਡ ਕਰਦਾ ਸੀ। ਪੁੱਤਰਾਂ ਨੇ ਕਦੀ ਮਾਂ ਅੱਗੇ ਵੀ ਸਿਰ ਨਹੀਂ ਸੀ ਝੁਕਿਆ। ਮਾਂ ਅੱਗੇ ਪੂਰਾ ਟੱਬਰ ਨਹੀਂ ਸੀ ਉਲਾਸਦਾ। ਮਾਂ ਦੇ ਵੀ ਅਪਣੀਆਂ ਤਿੰਨਾਂ ਨੂਹਾਂ ਨੂੰ ਧੀਆਂ ਹੀ ਜਾਣਿਆ। ਉਹ ਘਰ ਦੀਆਂ ਕੁੰਜੀਆਂ ਨਾਲ ਨਾਲ ਨਹੀਂ ਸੀ ਥੋਨੀ ਫਿਰਦੀ। ਉਹਦੀ ਇਕੋ ਇਕ ਧੀ ਸੀ, ਉਹ ਵੀ ਨਨਾਣ ਦੀ ਥਾਂਏਂ ਭਾਬੀਆਂ ਦੀ ਸਹੇਲੀ ਬਣ ਕੇ ਸਾਹ ਨਾਲ ਸਾਹ ਲੈਂਦੀ ਸੀ। ਇਸ ਘਰ ਵਿਚ ਕਦੀ ਵੀ ਤੇਰ ਮੇਰ ਜਾਂ ਤੂੰ-ਤੂੰ ਮੈਂ-ਮੈਂ ਨਹੀਂ ਸੀ ਹੋਈ। ਇਹ ਹਸਦੇ-ਵਸਦੇ ਖਾਂਦੇ-ਪੀਂਦੇ ਵਡੇਰੇ ਜਹੇ ਜਿਮੀਦਾਰਾਂ ਦੀ ਇਕੋ ਧੀ ਰਾਣੇ ਸੀ ਜਿਸ ਦਾ ਰਿਸ਼ਤਾ ਸਵਰਗੀ ਕੁਰਬਾਨ ਅਲੀ ਨੇ ਚੌਧਰੀ ਦਿਲਬਰ ਦੇ ਪੁੱਤਰ ਖ਼ਾਲਿਦ ਨਾਲ ਮਿਥਿਆ ਤੇ ਨਾਲ ਹੀ ਰੱਬ ਨੂੰ ਪਿਆਰਾ ਹੋ ਗਿਆ।

ਰੱਦੀ ਹੋਈ ਮਾਂ ਦੇ ਅਥਰੂ ਅਤੇ ਉਹਦੀ ਅਪਣੇ ਮਾਵੇਂ ਦਾ ਅਕੀਦਤ ਭਰਪਾ ਵੇਖ ਕੇ ਤਿੰਨੇ ਪੁੱਤਰ ਬੇਬਸ ਹੋ ਕੇ ਚੁੱਪ ਤਾਂ ਹੋ ਗਏ ਪਰ ਅੰਖੀ ਵੇਖ ਕੇ ਮਹੁਰਾ ਵੀ ਨਹੀਂ ਸੀ ਫਕਿਆ ਜਾਂਦਾ। ਉਹ ਅਪਣੀ ਇਕੱਲੀ-ਇਕੱਲੀ ਬੈਣ ਤਾਣੇ ਨੂੰ ਅਪਣੇ ਹੌਸੀਂ ਖ਼ੁਹ ਵਿਚ ਹੰਕਾ ਕੀ ਨਹੀਂ ਸਨ ਦੇ ਸਕਦੇ। ਬਡੀ ਹਿੰਮਤ ਜੁਰਅਤ ਕਰ ਕੇ ਵੱਡਾ ਪੁੱਤਰ ਰਹਿਮਾਨ ਬੋਲਿਆ ਤੇ ਆਖਣ ਲੱਗਾ, "ਬੋਜੀ! ਅਸੀ ਅਪਣੇ ਮਾਂ ਪਿਉ ਦੇ ਫ਼ੈਸਲੇ, ਰਵਾਇਤਾਂ ਅਤੇ ਪਰੰਪਰਾ ਨੂੰ ਜਾਣਦੇ ਵੀ ਹਾਂ ਅਤੇ ਉਨ੍ਹਾਂ ਨੂੰ ਸਿਰ-ਅੱਖਾਂ ਉਤੇ ਰੱਖ ਕੇ ਸਜਦਾ ਵੀ ਕਰਦੇ ਹਾਂ। ਤੁਸੀ ਸਾਡੇ ਪਿਉ ਅਤੇ ਅਪਣੇ ਮਾਵੇਂ ਦੇ ਮਰਨ ਤੋਂ ਬਾਅਦ ਵੀ ਉਸ ਦੀ ਉਹੀ ਇੱਜ਼ਤ ਕਰਦੇ ਰਹੇ ਹੋ, ਇਹ ਚੰਗੇ ਅਸਲੇ ਵਾਲੀ ਬੀਵੀ ਦੀ ਸੱਨੇ ਰੱਗੀ ਰੀਤ ਹੈ। ਇਸ ਗੱਲ ਦਾ ਸਾਨੂੰ ਮਾਣ ਵੀ ਹੈ ਪਰ ਬੋਜੀ ਤੁਹਾਡੀ ਰੀਤ ਨੂੰ ਸਿਹਰੇ ਲਾਉਣ ਲਗਿਆਂ ਮੈਨੂੰ ਅਪਣੀ ਭੈਣ ਦੀ ਭੋਲੀ ਉਜੜਨ ਦਾ ਖ਼ੌਫ਼ ਖਤਾ ਹੀ ਡਰਾ ਰਿਹੈ। ਤੁਹਾਡੇ ਅਸੂਲ ਸੋਨੇ ਰੱਗੇ ਹਨ ਪਰ ਰਾਣੇ ਦੇ ਹੰਝਾਂ ਦੀ ਮਹਿੰਦੀ ਦਾ ਰੰਗ ਫਿੱਕਾ ਪੈ ਗਿਆ ਤਾਂ ਤੁਹਾਡੇ ਕੋਲੋਂ ਵੀ ਨਹੀਂ ਜਰਿਆ ਜਾਣਾ। ਸਾਡੀ ਕੱਲੀ ਕੱਲੀ ਭੈਣ ਦੇ ਸਗਣਾਂ ਦੀ ਤਲੀ ਵਿਚ ਬਹਿਸ਼ਤੀ ਦਿਲਬਰ ਦੇ ਪੁੱਤਰ ਖ਼ਾਲਿਦ ਦੇ ਅਵੱਲੇ ਜਹੇ ਲਛਣਾਂ ਦੀ ਇਕ ਵੀ ਸੁਲ ਚੁੰਭ ਗਈ ਤਾਂ ਸਾਥੋਂ ਵੇਖਿਆ ਨਹੀਂ ਜਾਣਾ। ਖ਼ਾਲਿਦ ਦਾ ਪਿਉ ਚੌਧਰੀ ਦਿਲਬਰ ਜਿਉਂਦਾ ਹੁੰਦਾ ਤਾਂ ਵਿਆਹ ਤੋਂ ਪਹਿਲਾਂ ਹੀ ਗੱਲ ਨਿਖੜ ਜਾਣੀ ਸੀ। ਚਾਚਾ ਦਿਲਬਰ ਸਾਡੇ ਪਿਉ ਦਾ ਯਾਰ ਵੀ ਸੀ ਤੇ ਉਸ ਨੂੰ ਮਾੜੇ ਚੰਗੇ ਦੀ ਪਛਾਣ ਵੀ ਸੀ। ਬਦਨਸੀਬੀ ਇਹ ਹੋਈ ਕਿ ਇਹ ਵੇਖੇ ਯਾਰ ਇਕ-ਦੂਜੇ ਤੋਂ ਅੱਗੇ-ਪਿੱਛੇ ਹੋ ਚਲਾਣਾ ਕਰ ਗ ਏ।

ਇਨ੍ਹਾਂ ਵਿਚੋਂ ਇਕ ਵੀ ਜਿਉਂਦਾ ਹੁੰਦਾ ਤਾਂ ਸਾਨੂੰ ਕੋਈ ਫ਼ਿਕਰ-ਫ਼ਾਕਾ ਨਹੀਂ ਸੀ। ਖ਼ਾਲਿਦ, ਚਾਚੇ ਦਿਲਬਰ ਦਾ 'ਕੱਲਾ 'ਕੱਲਾ ਪੁੱਤਰ ਹੈ ਤੇ ਪਿੰਡ ਵਿਚ ਚਾਰ ਪੈਲੀਆਂ ਵੀ ਹਨ। ਰੋਟੀ ਟੁੱਕ ਵਲੋਂ ਹੰਢ ਸੁਖਾਲਾ ਹੈ। ਸਾਡੇ ਬਾਪ ਦਾ ਫ਼ੈਸਲਾ ਗ਼ਲਤ ਨਹੀਂ ਸੀ ਅਤੇ ਅਸੀ ਵੀ ਇਸ ਦੇ ਵਿਰੋਧੀ ਨਹੀਂ ਸੀ ਪਰ ਬੇਜੀ ਤੁਸੀ ਤਾਂ ਘਰ ਰਹਿੰਦੇ ਹੋ, ਤੁਹਾਨੂੰ ਕੀ ਪਤਾ, ਬਾਹਰ ਕੀ ਹੋ ਰਿਹੈ? ਅਸੀ ਬਾਹਰ-ਅੰਦਰ ਵਿਚਰਨ ਵਾਲੇ ਅੱਖਾਂ ਨਹੀਂ ਮੀਟੀ ਬੈਠੇ।

ਰਿਸ਼ਤਾ ਕਰਨ ਵੇਲੇ ਖ਼ਾਲਿਦ ਦਾ ਕਲਾਮਾਣਸ ਅਤੇ ਅਸੂਲਾਂ-ਜ਼ਰਾਫ਼ਤਾਰ ਦਾ ਰਾਫ਼ਾ ਪਿਉ ਚਾਚਾ ਦਿਲਬਰ ਜਿਉਂਦਾ ਸੀ। ਉਹ ਹਰ ਕੁਚੱਜੀ, ਕੱਥੀ ਅਤੇ ਦੇਰੂਪੀ ਗੱਲ ਦੇ ਵਿਰੋਧ ਵਿਚ ਮਰਨ ਮਰਾਣ ਨੂੰ ਤਿਆਰ ਹੋ ਜਾਂਦਾ ਸੀ। ਉਹਦੇ ਅੱਗੇ ਕੋਈ ਕੁਸਕਦਾ ਨਹੀਂ ਸੀ ਤੇ ਬੋਹਦੇ ਸ਼ੁਰਲੇ ਉਹਦੇ ਕੋਲੋਂ ਤਰਹਿਕਦੇ ਤੇ ਯਰਕਦੇ ਸਨ। ਉਹਦੇ ਜਿਉਂਦਿਆਂ ਉਹਦਾ ਪੁੱਤਰ ਖ਼ਾਲਿਦ ਕੰਨ ਵਿਚ ਪਿਆ ਨਹੀਂ ਸੀ ਰਕ਼ਦਾ ਤੇ ਹੁਣ ਹਰ ਕੰਨ ਵਿਚ ਉਸ ਦੀ ਰੜਕ ਪੋਣ ਲੱਗ ਪਈ ਏ। ਇੰਜ ਲਗਦੈ ਉਹ ਅਪਣੇ ਪਿਉ ਦੀ ਮੌਤ ਨੂੰ ਹੀ ਉਡੀਕ ਰਿਹਾ ਸੀ। ਪਿਉ ਮਰਦਿਆਂ ਹੀ ਉਹਦੇ ਚਾਲੇ ਹੰਢ ਦੇ ਹੰਢ ਹੀ ਗਏ ਨੇ। ਹੁਣ ਉਹਦੀਆਂ ਵਾਗਾਂ ਬੇਲਗਾਮ ਹੋ ਗਈਆਂ ਨੇ ਤੇ ਉਹ ਹਰ ਪਾਬੰਦੀ ਦੀ ਵਲਗਣ ਤੋੜ ਕੇ ਬਾਹਰ ਆ ਗਿਆ।"

ਆਜ਼ਾਦੀ ਭਾਵੇਂ ਬਡੀ ਹੀ ਚੰਗੀ ਸ਼ੈਅ ਵੇ ਪਰ ਇਸ ਦੀ ਵਰਤੋਂ ਜੇ ਚੰਗੇ ਢੰਗ ਨਾਲ ਨਾ ਕੀਤੀ ਜਾਵੇ ਤਾਂ ਆਜ਼ਾਦੀ ਤੋਂ ਮੰਦੀ ਚੀਜ਼ ਕੋਈ ਵੀ ਨਹੀਂ। ਮੰਰਹ ਦੀਆਂ ਜਨਾਨੀਆਂ ਦੇ ਜਦੋਂ ਰੰਸੇ ਖੋਲ੍ਹ ਦਿਤੇ ਅਤੇ ਖੁਲ੍ਹੀ-ਡੁਲ੍ਹੀ ਆਜ਼ਾਦੀ ਮਿਲ ਗਈ ਤਾਂ ਉਨ੍ਹਾਂ ਨੇ ਮਾਵੇਂਦ ਨੂੰ ਜੁੱਤੀ ਦੀ ਨੋਕ ਉਤੇ ਰੱਖ ਲਿਆ। ਫ਼ੌਲੇ ਮਲਮ ਫ਼ੋਲੀ ਘਾ ਕਿਹੋ ਜੇ ਉਤਲੇ ਕਮਰੇ ਵਿਚ ਉਹ ਯਾਰ ਨਾਲ ਬੈਠੀ ਸਿਗਰਟ ਪੀ ਰਹੀ ਏ।

ਇਸੇ ਤਰ੍ਹਾਂ ਰਹਿਮਾਨ ਨੇ ਅਪਣੇ ਬੋਜੇ ਨੂੰ ਦਸਿਆ ਕਿ, "ਅੱਜ ਖ਼ਾਲਿਦ ਦੇ ਲੰਛਣ ਜੋ ਉਹਦਾ ਪਿਉ, ਚਾਚਾ ਦਿਲਬਰ ਵੀ ਵੇਖ ਲੈਂਦਾ ਤਾਂ ਉਸ ਕਲਮਾਣਸ ਨੇ ਇਹ ਰਿਸ਼ਤਾ ਆਪ ਤੋੜ ਦੇਣਾ ਸੀ। ਅੱਜ ਸਾਡੀ ਬਦਨਸੀਬੀ ਇਹ ਹੈ ਬੋਜੀ ਕਿ ਨਾ ਸਾਡਾ ਪਿਉ ਰਿਹਾ ਤੇ ਨਾ ਖ਼ਾਲਿਦ ਦਾ। ਹੁਣ ਵਿਗੜੇ ਹੋਏ ਹਾਲਾਤ ਦੀ ਮੰਗ ਕੁੱਝ ਹੋਰ ਹੀ ਏ। ਬੋਜੀ ਹਰ ਫ਼ੈਸਲਾ ਹਾਲਾਤ ਨੂੰ ਮੁੱਖ ਰੱਖ ਕੇ ਕਰਨਾ ਪੈਂਦੈ। ਅਸੀ ਵੀ ਅਪਣੇ ਪਿਉ ਦੀ ਕੀਤੀ ਗੱਲ ਨੂੰ ਵਿਹਾਅ ਦੇਣਾ ਚਾਹੁੰਦੇ ਹਾਂ ਪਰ ਬੋਜੀ ਰਾਣੇ ਵਲ ਵੀ ਤਾਂ ਝਾਤੀ ਮਾਰੋ। ਇਹ ਬਡੀਫ਼ ਘੀਆਂ ਫੁੱਲ ਉਹੇ ਪਏ ਤਰੇਲ ਦੇ ਤੁਪਕੇ ਵਾਂਙ ਹੁੰਦੀਆਂ ਨੇ ਜੇ ਹਵਾ ਦੇ ਇਕ ਹੁਲੂਣੇ ਨਾਲ ਡਿੱਗ ਕੇ ਮਿੱਟੀ 'ਚ ਰੁਲ ਜਾਂਦੀਆਂ ਨੇ ਅਤੇ ਸੂਜਜ ਦੀ ਮਾਸਾ ਰੂ ਗਰਮੀ ਨਾਲ ਮੁੱਕ ਜਾਂਦੀਆਂ ਨੇ। ਇਹ ਸਾਵਣ ਭਾਦਰੋਂ ਵਿਚ ਨਿਕਲੀਆਂ ਹੋਈਆਂ ਲਾਲ ਪਲੰਥ ਦੇ ਲੋਭੇ ਪਾ ਕੇ ਵਾਪਣ ਵਿਚ ਟੁਰੀਆਂ ਫਿਰਦੀਆਂ ਚੰਚਿ ਚਹੁਟੀਆਂ ਹੁੰਦੀਆਂ ਨੇ। ਇਨ੍ਹਾਂ ਨੂੰ ਬੇਰਹਿਮੀ ਦੀ ਅਹਿਠ ਵਿਚ ਬਹੁਤਾ ਘੱਟ ਦੇਈਏ ਤਾਂ ਮਰ ਜਾਂਦੀਆਂ ਨੇ। ਬੋਜੀ ਅਸੀ ਸਕੂਲੇ ਗਏ ਤਾਂ ਰਾਣੇ ਵੀ ਰੋਦੀ ਕਿ ਮੈਂ ਵੀ ਜਾਣੈ। ਪਿਡਾਂ ਵਿਚ ਭਾਵੇਂ ਕੁੜੀਆਂ ਸਕੂਲੇ ਘੱਲਣ ਦਾ ਰਿਵਾਜ ਨਹੀਂ ਸੀ ਪਰ ਤੁਸੀ ਰਾਣੇ ਦੀ ਰੀਝ ਪੂਰੀ ਕੀਤੀ ਸੀ। ਅੱਜ ਉਸ ਰਾਣੇ ਨੂੰ ਜੇ ਅਸੀ ਅਪਣੇ ਹੱਥੀ ਕਿਸੇ ਗ਼ਲਤ ਫ਼ੈਸਲੇ ਦੀ ਸੂਲੀ ਚਾੜ੍ਹ ਦਿਤਾ ਤਾਂ ਸਾਰੀ ਉਮਰ ਹੰਝ ਮਲਦੇ ਰਹਿ ਜਾਵਾਂਗੇ।"

ਰਾਣੇ ਦੇ ਭਰਾ ਰਹਿਮਾਨ ਨੇ ਜਦੋਂ ਬਡੇ ਤਕਡੇ ਢੰਗ ਨਾਲ ਮਾਂ ਅੱਗੇ ਇਹ ਮੁਕੱਦਮਾ ਪੇਸ਼ ਕੀਤਾ ਤਾਂ ਮਾਂ ਕੱਚਾ ਪਾਣੀ ਦੇ ਵਿਚਾਲੇ ਖਲੋ ਕੇ ਹਾਂ-ਨਾਹ ਦੀ ਕੋਈ ਵਿਚ ਸਫ਼ਨ ਲੱਗ ਪਈ। ਰਾਣੇ ਦੀ ਮਾਂ ਰੋਂਸਾ ਨੂੰ ਅਪਣੇ ਅਸੂਲਾਂ ਵਾਲੇ ਖ਼ਾਵੰਦ ਦੀ ਪੋਖ ਆਈ ਹੋਈ ਸੀ। ਉਹਦੇ ਲਈ ਅੱਖਾ ਹੋ ਗਿਆ ਕਿ ਖ਼ਾਵੰਦ ਦੀ ਕੀਤੀ ਗੱਲ ਨੂੰ ਰੰਦ ਕਰ ਕੇ ਅਪਣੀ ਸ਼ਰਧਾ ਦਾ ਭਾਂਬੜ ਬਾਲ ਕੇ ਸੱਕ ਲਵੇ। ਉਹ ਇੰਜ ਦੀ ਅੰਤਰ ਸੀ ਜਿਹੜੀਆਂ ਖ਼ਾਵੰਦ ਪਿਛੋਂ ਸਤੀ ਹੋ ਕੇ ਮਰ ਜਾਂਦੀਆਂ ਸਨ।

ਰਹਿਮਾਨ ਹਰ ਗੱਲ ਦਾ ਵੇਰਵਾ ਅਤੇ ਤਬਸੀਲ ਨਾਲ ਮਾਂ ਨੂੰ ਹਰ ਪੈਂਚ ਦਾ ਅੰਗ ਵਿਖਾ ਚੁਕਿਆ ਸੀ ਤੇ ਹੁਣ ਨਤੀਜਾ ਸੁਣਨ ਵਾਸਤੇ ਉਹਦੇ ਮੂੰਹ ਵਲ ਵੇਖ ਰਿਹਾ ਸੀ ਪਰ ਮਾਂ ਇਸ ਸਕੇ-ਤਕੇ ਦੇ ਵਗਦੇ ਵਹਿਣ ਵਿਚਕਾਰ ਖਲੋਤੀ ਕਿਸੇ ਵੀ ਕੰਢੇ ਨਾ ਲੱਗ ਸਕੀ। ਰਹਿਮਾਨ ਦੇ ਚਿਹਰੇ ਉਤੇ ਸ਼ ਲਾ

ਫਿਰ ਇਹ ਆਜ਼ਾਦੀ ਛਿੰਰਤ ਵਾਂਗ ਹੋਰ ਅੱਗੇ ਵਧੀ ਤਾਂ ਸ਼ਰਮਾਂ ਵਾਲਿਆਂ ਨੇ ਮੱਗ ਕੀਤੀ ਕਿ ਜ਼ਨਾਨੀ ਨਾਲ ਵਿਆਹ ਦੀ ਆਜ਼ਾਦੀ ਦਿਉ। ਨੈਨਸੀ ਜਦੋਂ ਸਿਹਰੇ ਲਾ ਕੇ ਟਰੱਸੀ ਦੇ ਘਰ ਚੁੰਘੀ ਤਾਂ ਆਜ਼ਾਦੀ ਦੀ ਚੀਕ ਨਿਕਲ

ਦੀ ਡਾਰ ਵੇਖ ਕੇ ਮਾਂ ਨੂੰ ਬੋਲਣਾ ਹੀ ਪਿਆ ਤੇ ਆਖ਼ਰ ਲੱਗੀ, "ਵੇ ਪੁੱਤਰ! ਤੂੰ ਮੇਰੇ ਜਵਾਬ ਦੀ ਉਡੀਕ ਵਿਚ ਏਂ ਤੇ ਮੈਂ ਰੱਬ ਦੀ ਮਰਜ਼ੀ ਦੇ ਇੰਤਜ਼ਾਰ ਵਿਚ ਹਾਂ। ਸੋਚ ਰਹੀ ਆਂ ਕਿ ਵਲੀਆਂ-ਪੈਗੰਬਰਾਂ ਦਾ ਕੌਲ ਹੈ ਕਿ ਜਦੋਂ ਤੁਸੀ ਕਿਸੇ ਮਾਮਲੇ ਦਾ ਹਾਂ-ਨਾਹ ਵਿਚ ਫ਼ੈਸਲਾ ਨਾ ਕਰ ਸਕੋ ਤੇ ਕਸ਼ਮਕਸ਼ ਵਿਚ ਘਿਰ ਜਾਉ ਤਾਂ ਜੋ ਤੁਹਾਡਾ ਨਫ਼ਸ ਆਖੇ ਉਸ ਦੇ ਉਲਟ ਫ਼ੈਸਲਾ ਕਰ ਸੁੱਟੇ। ਅਕਲ ਤੇ ਨਫ਼ਸ ਦਾ ਯੁੱਧ ਪੈ ਜਾਏ ਤਾਂ ਨਫ਼ਸ ਦੇ ਮੱਥੇ ਲਾ ਦਿਉ। ਇਸ ਗੱਲ ਨੂੰ ਮੰਨੋਏ ਮੰਨੀਏ ਤਾਂ ਅੰਦਰੋਂ ਮੰਰਾ ਨਫ਼ਸ ਆਖਦਾ ਹੈ ਕਿ ਰਾਣੇ ਦਾ ਰਿਸ਼ਤਾ ਖ਼ਾਲਿਦ ਨਾਲ ਹੀ ਕਰ ਦੇਵਾਂ। ਮੈਂ ਤੇਰੇ ਪਿਉ ਨੂੰ ਮਰਨ ਪਿੱਛੋਂ ਵੀ ਜਿਉਂਦਾ ਰੱਖਣਾ ਚਾਹੁਨੀ ਆਂ। ਉਹਦੀ ਗੱਲ ਨੂੰ ਗਲ ਨਾਲ ਲਾ ਕੇ ਰਖਣਾ ਚਾਹੁਨੀ ਆਂ।" ਅੱਗੋਂ ਪੁੱਤਰ ਨੇ ਸਿਰਫ਼ ਏਨਾ ਹੀ ਆਖਿਆ, "ਚੰਗਾ ਫਿਰ ਬੋਜੀ, ਤੁਸੀ ਅੱਜ ਨਫ਼ਸ ਦੀ ਮਨ ਕੇ ਵੇਖ ਲਉ ਅਤੇ ਵਲੀਆਂ-ਪੈਗੰਬਰਾਂ ਦੀ ਗੱਲ ਦਾ ਪਤਾ ਲੱਗ ਜਾਵੇਗਾ। ਉਂਜ ਉਨ੍ਹਾਂ ਦੀਆਂ ਗੱਲਾਂ ਕਦੀ ਕੁਰਾਵੇਂ ਤਾਂ ਨਹੀਂ ਗਈਆਂ ਪਰ ਨਫ਼ਸ ਵੀ ਅਕਲ ਨਾਲ ਆਢਾ ਲਾਈ ਖਲੋਤਾ ਹੈ। ਤੁਹਾਡਾ ਨਹੀਂ ਤਿਜਦਾ ਤਾਂ ਜਿੰਨੀ ਸਾਨੂੰ ਰਾਣੇ ਪਿਆਰੀ ਹੈ, ਓਨਾ ਹੀ ਤੁਹਾਡੀ ਮਾਹਿਰ ਦਾ ਦਿਹਤਰਮ ਹੈ। ਇਸ ਵਾਰ ਵਲੀਆਂ ਦੀ ਬਜਾਏ ਨਫ਼ਸ ਦੀ ਮੰਨ ਕੇ ਵੇਖ ਲੈਂਦੇ ਹਾਂ।"

ਦੂਜੇ ਦਿਹਾੜੇ ਤੜਕੇ ਹੀ ਰਾਣੇ ਦੀ ਮਾਂ ਰੋਸਾਂ ਖ਼ਾਲਿਦ ਦੇ ਘਰ ਅਪਣੇ ਕੁਕਮਾਂ ਵਲ ਚਲੀ ਗਈ। ਉਹ ਪੁੱਤਰਾਂ ਦੀਆਂ ਜ਼ਦ ਕੇ ਸਾਰੀ ਰਾਤ ਨਹੀਂ ਸੀ ਸੌ ਸਕੀ। ਉਹ ਸੋਚਦੀ ਰਹੀ ਕਿ ਰਾਣੇ ਦਾ ਰਿਸ਼ਤਾ ਤੋੜਨਾ ਨਿਰੀ ਬਦਨਾਮੀ ਹੀ ਨਹੀਂ ਸਗੋਂ ਰਾਣੇ ਨੂੰ ਵੀ ਬੰਸ ਲਗਦਾ ਹੈ। ਲੋਕਾਂ ਨੇ ਆਖਣੈ, ਚੌਧਰੀ ਕੁਰਬਾਨ ਦੇ ਮਰਦਿਆਂ ਹੀ ਉਹਦੀ ਕੀਤੀ ਗੱਲ ਨੂੰ ਮਿੱਧ ਕੇ ਰੱਖ ਦਿਤੈ। ਅੱਗੋਂ ਘਰ-ਘਰ ਵਿਚ ਭਾਂਤ-ਭਾਂਤ ਦੀਆਂ ਗੱਲਾਂ ਹੋਣੀਆਂ ਸਨ। ਇਹ ਸਮਾਜ ਵਾਲੇ ਚਸਕੇ ਲੈ ਲੈ ਕੇ ਇਵੇਂ ਸਸਤੀ ਜਹੀ ਅਕਸ਼ੀ ਕਰਨ ਲਈ ਕੱਲੇ ਹੀ ਬੁਹਤੀਆਂ ਲਾ ਲੈਂਦੇ ਨੇ। ਰਿਸ਼ਤਾ ਭਾਵੇਂ ਕੁੜੀ ਵਾਲੇ ਹੀ ਤੋੜ ਲੈਣ, ਫਿਰ ਵੀ ਦੋਖੀ ਜ਼ਨਾਨੀਆਂ ਕਿਕਰਾਂ ਦੀ ਛਾਵੇਂ ਦੁਪਹਿਰੇ ਥੋਨੀਆਂ ਸਵਾਦ ਲੈ ਲੈ ਆਖਦੀਆਂ ਨੇ, "ਹਾਏ ਹਾਏ ਨੀ ਭੈਣੇ, ਖ਼ੋਰੇ ਅਗਲਿਆਂ ਕੀ ਵੇਖਿਆ ਕੁੜੀ ਦੇ ਲਛਣਾ ਵਿਚ। ਪਤਾ ਨਹੀਂ ਕਿਹੜਾ ਚੰਨ ਚਾੜ੍ਹਿਐ ਕੁੜੀ ਨੇ?" ਇੰਜ ਦੀਆਂ ਗੱਲਾਂ ਰੋਸਾਂ ਦੇ ਦਿਮਾਗ਼ ਵਿਚ ਕੁਰਬਲ ਕੁਰਬਲ ਕਰਦੀਆਂ ਸਨ। ਰੋਸਾਂ ਨੇ ਦੁਆ ਸਲਾਮ ਤੋਂ ਬਾਅਦ ਅਪਣੀ ਕੁੜਮਣੀ ਭਾਤਾਮਾ ਨੂੰ ਆਖਿਆ, "ਵੱਖ ਭੈਣ ਭਾਤਮਾ, ਅਸੀ ਇਸ ਪਿੰਡ ਵਿਚ ਜੰਮੇ ਪਲੇ, ਇਥੇ ਹੀ ਰਲ ਕੇ ਖੰਡੇ ਅਤੇ ਜਵਾਨ ਹੋਏ। ਇਕ ਦੂਜੇ ਦੇ ਰਿੰਧੇ-ਪੱਕੇ ਦੇ ਵੀ ਸ਼ਰੀਕ ਰਹੇ। ਸਾਡੀ ਮੱਲ ਵਰਤਣ ਸਾਕਾਦਾਰੀ ਸਕੇ ਸੋਧਰਿਆਂ ਨਾਲੋਂ ਵੀ ਬਹੁਤੀ ਰਹੀ ਹੈ। ਅੱਜ ਸਾਡੇ ਸਿਰ ਉਤੇ ਸਾਈਂ ਨਹੀਂ ਰਹੇ ਪਰ ਉਨ੍ਹਾਂ ਦੀ ਯਾਰੀ ਅਤੇ ਪੱਗ ਵਟਾਲੇ ਨੂੰ ਜਿਉਂਦਿਆਂ ਰੱਖਣ ਲਈ ਸਾਨੂੰ ਅੱਗੇ ਵੀ ਇਕ ਮੁੱਠ ਰਹਿਣਾ ਚਾਹੀਦਾ ਹੈ। ਰੱਬ ਨਾ ਕਰੇ ਜੇ ਸਾਡੇ ਮਿਲਣ ਵਰਤਣ ਵਿਚ ਕੋਈ ਤਰੇੜ ਆ ਗਈ ਤਾਂ ਲੋਕਾਂ ਨੇ ਸੋ-ਸੋ ਗੱਲਾਂ ਕਰ ਕੇ ਆਖਣੈ ਕਿ ਮੁੱਠ ਦਾ ਸੱਥਾ ਟੁੱਟ ਗਿਐ ਤੇ ਬਹੁਕਰ ਤੀਲਾ-ਤੀਲਾ ਹੋ ਗਈ ਏ। ਆਖ਼ਰ ਵਾਲਿਆਂ ਨੇ ਇਥੋਂ ਤੀਕਰ ਆਖਣੈ ਕਿ ਡੈਣਾ! ਗੁਡ ਗੰਢ ਵਿਚ ਤੇ ਰੂੰ ਪੰਡ ਵਿਚ ਹੀ ਕਾਬੂ ਰਹਿ ਸਕਦੈ। ਦਿਲਬਰ ਤੇ ਕੁਰਬਾਨ ਅਲੀ ਦੇ ਮਰਦਿਆਂ ਹੀ ਉਨ੍ਹਾਂ ਦੇ ਘਰ ਦੀ ਇੱਜ਼ਤ ਦਾ ਕੋਈ ਰਾਖਾ ਨਹੀਂ ਰਹਿਣਾ।"

ਰੋਸਮਾ ਦੀ ਗੱਲ ਅਜੇ ਮੁੱਕੀ ਨਹੀਂ ਸੀ ਕਿ ਭਾਤਮਾ ਬੋਲ ਪਈ, "ਹਾਏ ਹਾਏ ਰੋਸਮਾ ਬੀਬੀ! ਤੂੰ ਅੱਜ ਕਿੰਜ ਦੀਆਂ ਗੱਲਾਂ ਕਰ ਰਹੀ ਏਂ? ਕਦੀ ਨ